## ਆਪਣੀ ਅਗੇਤੀ ਦੇਖ-ਰੇਖ ਸੰਬੰਧੀ ਯੋਜਨਾ ਨਾਲ ਕੀ ਕਰਨਾ ਹੈ


ਘਰ ਵਿੱਚ ਇਸ ਨੂੰ ਕਿਸੇ ਅਜਿਹੀ ਥਾਂ 'ਤੇ ਰੱਖੋ ਜਿੱਥੋਂ ਇਸ ਨੂੰ ਆਸਾਨੀ ਨਾਲ ਲੱਭਿਆ ਜਾ ਸਕੇ – ਮਿਸਾਲ ਲਈ, ਇਸ ਨੂੰ ਕਿਸੇ ਫ਼ੋਲਡਰ ਦੇ ਅੰਦਰ ਰੱਖ ਕੇ ਚੁੰਬਕ ਨਾਲ ਫ਼ਰਿਜ ਉੱਪਰ ਚਿਪਕਾ ਦਿਓ।

ਆਪਣੇ ਨਜ਼ਦੀਕੀ ਪਰਿਵਾਰਕ ਮੈਂਬਰ, ਸਿਹਤ ਦੇਖ-ਰੇਖ ਪ੍ਰਦਾਤਾ, ਤੁਹਾਡੇ ਪ੍ਰਤੀਨਿਧ (ਜੇ ਤੁਸੀਂ ਕਿਸੇ ਨੂੰ ਚੁਣਿਆ ਹੈ) ਅਤੇ ਤੁਹਾਡੇ ਨਜ਼ਦੀਕੀ ਹੋਰਨਾਂ ਲੋਕਾਂ ਨੂੰ ਇਸ ਦੀ ਇੱਕ ਕਾਪੀ ਦੇਣੀ ਯਕੀਨੀ ਬਣਾਓ।

## ਜੇ ਤੁਹਾਡਾ ਮਨ ਬਦਲ ਜਾਂਦਾ ਹੈ ਤਾਂ ਫ਼ਿਰ ਕੀ ਹੁੰਦਾ ਹੈ?

ਹਾਲਾਤ ਬਦਲ ਜਾਂਦੇ ਹਨ। ਇੱਥੋਂ ਤਕ ਕਿ ਤੁਹਾਡੇ ਯਕੀਨ, ਕਦਰਾਂ-ਕੀਮਤਾਂ ਅਤੇ ਇੱਛਾਵਾਂ ਬਦਲ ਸਕਦੀਆਂ ਹਨ। ਜਦੋਂ ਤਕ ਤੁਸੀਂ ਆਪਣੇ ਫ਼ੈਸਲੇ ਆਪ ਕਰਨ ਦੇ ਸਮਰੱਥ ਹੁੰਦੇ ਹੋ, ਤੁਸੀਂ ਆਪਣੀ ਦੇਖ-ਰੇਖ ਸੰਬੰਧੀ ਅਗਾਊਂ ਯੋਜਨਾ ਨੂੰ ਰੱਦ ਕਰ ਸਕਦੇ ਹੋ ਜਾਂ ਇਸ ਦੇ ਕਿਸੇ ਵੀ ਭਾਗ ਨੂੰ ਬਦਲ ਸਕਦੇ ਹੋ।






ਅਗੇਤੀ ਦੇਖ-ਰੇਖ ਯੋਜਨਾਬੰਦੀ ਲਈ ਸੂਬਾਈ ਗਾਈਡ ਅਤੇ ਵਰਕਬੁੱਕ ਨੂੰ www.gov.bc.ca/advancecare ਤੋਂ ਡਾਊਨਲੋਡ ਕਰੋ।

ਅਗੇਤੀ ਦੇਖ-ਰੇਖ ਸੰਬੰਧੀ ਯੋਜਨਾਬੰਦੀ ਲਈ ਵਧੇਰੇ ਜਾਣਕਾਰੀ ਵਾਸਤੇ ਹੈਲਥਲਿੰਕ ਬੀ.ਸੀ./HealthLink BC ਨੂੰ 8-1-1 'ਤੇ ਕਾਲ ਕਰੋ।

Punjabi

# ਅਗੇਤੀ ਦੇਖ-ਰੇਖ ਸੰਬੰਧੀ ਯੋਜਨਾਬੰਦੀ

## Advance Care Planning

### ਭਵਿੱਖ ਦੇ ਸਿਹਤ ਦੇਖ-ਰੇਖ ਇਲਾਜ ਲਈ ਆਪਣੀਆਂ ਇੱਛਾਵਾਂ ਅਤੇ ਹਦਾਇਤਾਂ ਨੂੰ ਪ੍ਰਗਟ ਕਰਨਾ



ਪਹਿਲਾਂ ਤੋਂ ਯੋਜਨਾਬੰਦੀ ਕਰਕੇ ਤੁਸੀਂ ਆਪਣੇ ਭਵਿੱਖ ਦੇ ਸਿਹਤ ਦੇਖ-ਰੇਖ ਫ਼ੈਸਲਿਆਂ ਵਿੱਚ ਰਾਏ ਦੇਣ ਦੇ ਯੋਗ ਹੁੰਦੇ ਹੋ ਅਤੇ ਇਹ ਯਕੀਨੀ ਬਣਾ ਸਕਦੇ ਹੋ ਕਿ ਤੁਹਾਡੀਆਂ ਇੱਛਾਵਾਂ ਦਾ ਸਤਿਕਾਰ ਕੀਤਾ ਜਾਵੇਗਾ।

ਹਰ ਇੱਕ ਸਮਰੱਥ ਬਾਲਗ ਨੂੰ ਆਪਣੀ ਅਗੇਤੀ ਦੇਖ-ਰੇਖ ਯੋਜਨਾ ਬਾਰੇ ਸੋਚਣਾ ਚਾਹੀਦਾ ਹੈ।

## ਅਗੇਤੀ ਦੇਖ-ਰੇਖ ਸੰਬੰਧੀ ਯੋਜਨਾਬੰਦੀ ਕੀ ਹੁੰਦੀ ਹੈ?

ਦੇਖ-ਰੇਖ ਸੰਬੰਧੀ ਅਗਾਊਂ ਯੋਜਨਾਬੰਦੀ ਭਵਿੱਖ ਦੇ ਸਿਹਤ ਦੇਖ-ਰੇਖ ਇਲਾਜ ਬਾਬਤ ਤੁਹਾਡੇ ਵਿਸ਼ਵਾਸ, ਕਦਰਾਂ-ਕੀਮਤਾਂ ਅਤੇ ਇੱਛਾਵਾਂ ਬਾਰੇ ਸੋਚਣ ਨਾਲ ਸ਼ੁਰੂ ਹੁੰਦੀ ਹੈ। ਇਹ ਆਪਣੇ ਨਜ਼ਦੀਕੀ ਪਰਿਵਾਰਕ ਮੈਂਬਰਾਂ, ਦੋਸਤਾਂ ਅਤੇ ਸਿਹਤ ਦੇਖ-ਰੇਖ ਪ੍ਰਦਾਤਾ (ਪ੍ਰਦਾਤਿਆਂ) ਨਾਲ ਗੱਲ-ਬਾਤ ਕਰਨ ਬਾਰੇ ਹੁੰਦੀ ਹੈ ਤਾਂ ਕਿ ਜੇ ਤੁਸੀਂ ਭਵਿੱਖ ਵਿੱਚ ਆਪਣੇ ਫ਼ੈਸਲਿਆਂ ਨੂੰ ਪ੍ਰਗਟ ਕਰਨ ਤੋਂ ਅਸਮਰੱਥ ਹੋ ਜਾਵੋਂ ਤਾਂ ਉਨ੍ਹਾਂ ਨੂੰ ਪਤਾ ਹੋਵੇ ਕਿ ਤੁਸੀਂ ਕਿਹੜੇ ਸਿਹਤ ਦੇਖ-ਰੇਖ ਇਲਾਜ ਲਈ ਸਹਿਮਤ ਹੋਣਾ ਸੀ ਅਤੇ ਕਿਹਿੜਆਂ ਲਈ ਮਨ੍ਹਾਂ ਕਰਨਾ ਸੀ।

ਪਹਿਲਾਂ ਤੋਂ ਯੋਜਨਾਬੰਦੀ ਕਰ ਕੇ ਤੁਸੀਂ:

- ਆਪਣੀ ਭਵਿੱਖ ਦੀ ਸਿਹਤ ਸੰਬੰਧੀ ਦੇਖ-ਰੇਖ ਬਾਰੇ ਆਪਣੀਆਂ ਖਾਹਸ਼ਾਂ ਅਤੇ ਹਦਾਇਤਾਂ ਨੂੰ ਪ੍ਰਗਟਾਉਂਦੇ ਹੋ;
- ਆਪਣੀ ਦੇਖ-ਰੇਖ ਕਰਨ ਵਾਲੀ ਟੀਮ ਨੂੰ ਸੇਧ ਦੇਣ ਵਾਸਤੇ ਜਾਣਕਾਰੀ ਦਿੰਦੇ ਹੋ; ਅਤੇ
- ਭਵਿੱਖ ਵਿਚਲੇ ਸੰਭਾਵੀ ਔਖੇ ਸਮੇਂ ਵਿੱਚ ਆਪਣੇ ਪਿਆਰਿਆਂ ਦਾ ਬੋਝ ਹੌਲਾ ਕਰਦੇ ਹੋ।

## ਤੁਹਾਨੂੰ ਹੁਣੇ ਹੀ ਯੋਜਨਾਬੰਦੀ ਕਿਉਂ ਕਰਨੀ ਚਾਹੀਦੀ ਹੈ

ਤੁਹਾਨੂੰ ਕਦੇ ਪਤਾ ਨਹੀਂ ਹੁੰਦਾ ਕਿ ਕਦੋਂ ਕਿਸੇ ਗੰਭੀਰ ਦੁਰਘਟਨਾ ਜਾਂ ਬੀਮਾਰੀ ਕਾਰਨ ਤੁਸੀਂ ਆਪਣੇ ਨਿੱਜੀ ਅਤੇ ਸਿਹਤ ਦੇਖ-ਰੇਖ ਸੰਬੰਧੀ ਇਲਾਜ ਦੇ ਫ਼ੈਸਲੇ ਲੈਣ ਤੋਂ ਅਸਮਰੱਥ ਹੋ ਜਾਊਂ।

ਅਗੇਤੀ ਦੇਖ-ਰੇਖ ਯੋਜਨਾਬੰਦੀ ਅਰੰਭ ਕਰਨ ਲਈ ਹਰ ਸਮਾਂ ਢੁਕਵਾਂ ਹੁੰਦਾ ਹੈ। ਜਦੋਂ ਤੁਹਾਡੇ ਵਿਸ਼ਵਾਸ ਪਾਤਰ ਲੋਕਾਂ ਨੂੰ ਇਹ ਪਤਾ ਲੱਗ ਜਾਵੇਗਾ ਕਿ ਤੁਹਾਡੇ ਲਈ ਕੀ ਮਹੱਤਵਪੂਰਨ ਹੈ, ਉਦੋਂ ਤੁਹਾਡੀ ਤਰਫ਼ੋਂ ਫ਼ੈਸਲੇ ਲੈਣਾ ਉਨ੍ਹਾਂ ਲਈ ਆਸਾਨ ਹੋ ਜਾਵੇਗਾ।

## ਅਗੇਤੀ ਦੇਖ-ਰੇਖ ਸੰਬੰਧੀ ਯੋਜਨਾਬੰਦੀ ਕਿਵੇਂ ਸ਼ੁਰੂ ਕਰਨੀ ਹੈ

ਆਪਣੇ ਕਿਸੇ ਨਜ਼ਦੀਕੀ, ਜਾਂ ਆਪਣੇ ਸਿਹਤ ਦੇਖ-ਰੇਖ ਪ੍ਰਦਾਤਾ ਨੂੰ ਕਹੋ ਕਿ ਤੁਸੀਂ ਭਵਿੱਖ ਵਿੱਚ ਆਪਣੀ ਸਿਹਤ ਸੰਬੰਧੀ ਦੇਖ-ਰੇਖ ਬਾਰੇ ਗੱਲ-ਬਾਤ ਕਰਨੀ ਚਾਹੁੰਦੇ ਹੋ। ਤੁਸੀਂ ਜਿੰਨੀ ਵਾਰੀ ਵੀ ਚਾਹੋ ਇਸ ਬਾਰੇ ਗੱਲ-ਬਾਤ ਕਰ ਸਕਦੇ ਹੋ। ਸੇਧ ਪ੍ਰਾਪਤ ਕਰਨ ਅਤੇ ਆਪਣੇ ਵਿਕਲਪਾਂ ਨੂੰ ਲਿਖਣ ਲਈ ਸੂਬਾਈ ਗਾਈਡ ਅਤੇ ਵਰਕਬੁੱਕ My Voice: Expressing My Wishes for Future Health Care (ਮਾਈ ਵੌਇਸ: ਭਵਿੱਖ ਵਿੱਚ ਸਿਹਤ ਦੇਖ-ਰੇਖ ਸੰਬੰਧੀ ਆਪਣੀਆਂ ਇੱਛਾਵਾਂ ਨੂੰ ਪ੍ਰਗਟ ਕਰਨਾ) ਦੀ ਵਰਤੋਂ ਕਰੋ।

ਜਦੋਂ ਭਵਿੱਖ ਵਿਚਲੀ ਸਿਹਤ ਦੇਖ-ਰੇਖ ਸੰਬੰਧੀ ਤੁਸੀਂ ਆਪਣੀਆਂ ਇੱਛਾਵਾਂ ਅਤੇ ਹਦਾਇਤਾਂ ਲਿਖਦੇ ਹੋ, ਉਦੋਂ ਤੁਸੀਂ ਇੱਕ ਦੇਖ-ਰੇਖ ਸੰਬੰਧੀ ਅਗਾਊਂ ਯੋਜਨਾ ਬਣਾ ਰਹੇ ਹੁੰਦੇ ਹੋ। ਕਿਸੇ ਬੁਨਿਆਦੀ ਅਗਾਊਂ ਯੋਜਨਾ ਵਿੱਚ ਹੇਠ ਲਿਖੀਆਂ ਗੱਲਾਂ ਸ਼ਾਮਲ ਹੁੰਦੀਆਂ ਹਨ:

- ਪਰਿਵਾਰ ਦੇ ਨਜ਼ਦੀਕੀ ਮੈਂਬਰਾਂ ਜਾਂ ਦੋਸਤਾਂ ਅਤੇ ਆਪਣੇ ਸਿਹਤ ਦੇਖ-ਰੇਖ ਪ੍ਰਦਾਤਾ (ਪ੍ਰਦਾਤਿਆਂ) ਨਾਲ ਕੀਤੀਆਂ ਗੱਲਾਂ-ਬਾਤਾਂ।
- ਭਵਿੱਖ ਵਿੱਚ ਸਿਹਤ ਦੇਖ-ਰੇਖ ਇਲਾਜ ਸੰਬੰਧੀ ਤੁਹਾਡੇ ਵਿਸ਼ਵਾਸ, ਕਦਰਾਂ-ਕੀਮਤਾਂ ਅਤੇ ਇੱਛਾਵਾਂ ਦਾ ਇੱਕ ਲਿਖਤੀ ਰਿਕਾਰਡ।
- ਉਨ੍ਹਾਂ ਲੋਕਾਂ ਦੇ ਨਾਮ ਅਤੇ ਸੰਪਰਕ ਜਾਣਕਾਰੀ ਜਿਹੜੇ ਅਸਥਾਈ ਤੌਰ 'ਤੇ ਫ਼ੈਸਲਾ ਲੈ ਸਕਣ ਵਾਲੇ ਬਦਲਵੇਂ ਵਿਅਕਤੀਆਂ (TSDM) ਦੀ ਤੁਹਾਡੀ ਸੂਚੀ ਵਿੱਚ ਸ਼ਾਮਲ ਹੋਣ ਦੇ ਯੋਗ ਹੁੰਦੇ ਹਨ।

ਜਦੋਂ ਕਿਸੇ TSDM ਦੀ ਜ਼ਰੂਰਤ ਪੈਂਦੀ ਹੈ, ਉਦੋਂ ਹੇਠ ਲਿਖੀ ਤਰਤੀਬ ਮੁਤਾਬਕ ਕਿਸੇ ਇੱਕ ਸ਼ਖ਼ਸ ਦੀ ਚੋਣ ਕੀਤੀ ਜਾਂਦੀ ਹੈ (ਇਹ ਤਰਤੀਬ ਬੀ.ਸੀ. ਦੇ ਕਾਨੂੰਨ ਵੱਲੋਂ ਨਿਰਧਾਰਤ ਕੀਤੀ ਜਾਂਦੀ ਹੈ):

1. ਤੁਹਾਡਾ ਜੀਵਨ-ਸਾਥੀ (ਵਿਆਹੁਤਾ, ਕਾਮਨ-ਲਾਅ, ਸਮਲਿੰਗੀ)
2. ਤੁਹਾਡਾ ਪੁੱਤਰ ਜਾਂ ਪੁੱਤਰੀ (ਉਮਰ 19 ਜਾਂ ਵੱਧ, ਕਿਸੇ ਵੀ ਜਨਮ ਤਰਤੀਬ ਵਿੱਚ)
3. ਤੁਹਾਡਾ ਮਾਪਾ (ਕੋਈ ਵੀ ਇੱਕ ਮਾਪਾ, ਮੁਤਬੰਨਾ ਬਣਾਉਣ ਵਾਲੇ ਸਮੇਤ)
4. ਤੁਹਾਡਾ ਭਰਾ ਜਾਂ ਭੈਣ (ਕਿਸੇ ਵੀ ਜਨਮ ਤਰਤੀਬ ਵਿੱਚ)
5. ਦਾਦਾ/ਦਾਦੀ ਜਾਂ ਨਾਨਾ-ਨਾਨੀ ਵਿੱਚੋਂ ਕੋਈ ਇੱਕ
6. ਪੋਤਾ/ਪੋਤੀ ਜਾਂ ਦੋਹਤਾ/ਦੋਹਤੀ (ਕਿਸੇ ਵੀ ਜਨਮ ਤਰਤੀਬ ਵਿੱਚ)
7. ਤੁਹਾਡੇ ਨਾਲ ਜਨਮ/ਗੋਦ ਲਏ ਹੋਣ ਕਰਕੇ ਸਬੰਧਤ ਕੋਈ ਹੋਰ
8. ਤੁਹਾਡਾ ਨਜ਼ਦੀਕੀ ਦੋਸਤ
9. ਸ਼ਾਦੀ ਦੁਆਰਾ ਕਰੀਬੀ ਰਿਸ਼ਤੇ ਵਾਲਾ ਕੋਈ ਵੀ ਸ਼ਖ਼ਸ

## ਅਗੇਤੀ ਦੇਖ-ਰੇਖ ਸੰਬੰਧੀ ਯੋਜਨਾ ਦੇ ਬਦਲ

ਤੁਹਾਡੀ ਦੇਖ-ਰੇਖ ਸੰਬੰਧੀ ਅਗਾਊਂ ਯੋਜਨਾ ਵਿੱਚ ਹੇਠ ਲਿਖੀਆਂ ਗੱਲਾਂ ਵੀ ਸ਼ਾਮਲ ਹੋ ਸਕਦੀਆਂ ਹਨ:

- ਇੱਕ Representation Agreement (RA) [ਪ੍ਰਤੀਨਿਧਤਾ ਬਾਰੇ ਸਮਝੌਤਾ (ਆਰ.ਏ.)] ਜਿਸ ਵਿੱਚ ਤੁਸੀਂ ਆਪਣੀਆਂ ਹਦਾਇਤਾਂ ਲਿਖਦੇ ਹੋ ਅਤੇ ਆਪ ਅਸਮਰੱਥ ਹੋ ਜਾਣ ਦੀ ਸੂਰਤ ਵਿੱਚ ਆਪਣੀ ਸਿਹਤ ਅਤੇ ਨਿੱਜੀ ਦੇਖ-ਰੇਖ ਦੇ ਫ਼ੈਸਲੇ ਲੈਣ ਲਈ ਕਿਸੇ ਨੂੰ ਨਾਮਜ਼ਦ ਕਰਦੇ ਹੋ। ਇਸ ਦੀਆਂ ਦੋ ਕਿਸਮਾਂ ਹੁੰਦੀਆਂ ਹਨ: ਇੱਕ ਸੈਕਸ਼ਨ 9 ਜਾਂ 'ਵਿਸਥਾਰਤ' ਆਰ.ਏ. (ਲਾਈਫ਼-ਸਪੋਰਟ ਮਨ੍ਹਾਂ ਕਰਨ ਦੇ ਫ਼ੈਸਲਿਆਂ ਦੀ ਇਜਾਜ਼ਤ ਦਿੰਦੀ ਹੈ), ਅਤੇ ਇੱਕ ਸੈਕਸ਼ਨ 7 ਜਾਂ ਨੀਵੀਂ ਪੱਧਰਾਂ ਦੀ ਸਮਰੱਥਾ ਵਾਲੇ ਵਿਅਕਤੀਆਂ ਲਈ 'ਸਟੈਂਡਰਡ' ਆਰ.ਏ. (ਲਾਈਫ਼-ਸਪੋਰਟ ਤੋਂ ਮਨਾਹੀ ਦੇ ਫ਼ੈਸਲਿਆਂ ਦੀ ਇਜਾਜ਼ਤ ਨਹੀਂ ਦਿੰਦੀ)।
- ਤੁਹਾਡੀ ਸਿਹਤ ਅਤੇ ਨਿੱਜੀ ਦੇਖ-ਰੇਖ ਸੰਬੰਧੀ ਨਿਰਦੇਸ਼ਾਂ ਵਾਲਾ ਇੱਕ Advance Directive (ਅਗਾਊਂ ਆਦੇਸ਼) ਜਿਹੜਾ ਕਿ ਤੁਹਾਡੇ ਦੇਖ-ਰੇਖ ਪ੍ਰਦਾਤਿਆਂ ਨੂੰ ਦਿੱਤਾ ਜਾਂਦਾ ਹੈ। ਦੇਖ-ਰੇਖ ਪ੍ਰਦਾਤਿਆਂ ਲਈ ਇਹ ਲਾਜ਼ਮੀ ਹੁੰਦਾ ਹੈ ਕਿ ਉਹ ਭਵਿੱਖ ਵਿੱਚ ਤੁਹਾਡੀ ਦੇਖ-ਰੇਖ ਕਰਦਿਆਂ ਮੌਕੇ ਦੀ ਲੋੜ ਮੁਤਾਬਕ ਇਸ Advance Directive ਦੀ ਪਾਲਣਾ ਕਰਨ।
- ਇੱਕ Enduring Power of Attorney (ਐਂਡਿਉਰਿੰਗ ਪਾਵਰ ਆਫ਼ ਅਟਾਰਨੀ) ਜਿਸ ਵਿੱਚ ਤੁਹਾਡੇ ਅਸਮਰੱਥ ਹੋਣ ਦੀ ਸੂਰਤ ਵਿੱਚ ਤੁਹਾਡੇ ਵਿੱਤੀ ਮਾਮਲਿਆਂ, ਕਾਰੋਬਾਰ ਅਤੇ ਜਾਇਦਾਦ ਸੰਬੰਧੀ ਫ਼ੈਸਲੇ ਕਰਨ ਲਈ ਕਿਸੇ ਨੂੰ ਨਿਯੁਕਤ ਕੀਤਾ ਜਾਂਦਾ ਹੈ।

